Metro Waterwise Programs
PO Box 1600
Osborne Park DC WA 6916
T 13 13 85
E watercomparison@watercorporation.com.au

ਹਿਦਾਇਤਾਂ

ਤੁਹਾਨੂੰ ਮਿਲੀ ਚਿੱਠੀ ਜਾਂ ਈਮੇਲ ਵਿੱਚ ਕੁੱਝ ਜਾਣਕਾਰੀ ਤੁਹਾਡੇ ਪਰਿਵਾਰ ਲਈ ਖ਼ਾਸ ਤੌਰ 'ਤੇ ਦਿੱਤੀ ਗਈ ਹੈ, ਜਦਕਿ ਹੇਠਾਂ ਦਿੱਤੀ ਲਿਖਤ ਸਾਰਿਆਂ ਲਈ ਇੱਕੋ ਜਿਹੀ ਹੈ।

ਤੁਹਾਨੂੰ ਜਿੱਥੇ ਵੀ ਹੇਠਾਂ XXX ਦਿਖਾਈ ਦਿੰਦਾ ਹੈ, ਉੱਥੇ ਨੰਬਰ ਦੇਖਣ ਲਈ ਕਿਰਪਾ ਕਰਕੇ ਆਪਣੀ ਚਿੱਠੀ ਜਾਂ ਈਮੇਲ ਨੂੰ ਦੇਖੋ।

ਤੁਹਾਨੂੰ ਹੇਠਾਂ ਜਿੱਥੇ ਵੀ <ਤੁਹਾਡੀ ਸ਼੍ਰੇਣੀ> ਦਿਖਾਈ ਦਿੰਦੀ ਹੈ, ਉੱਥੇ ਕਿਰਪਾ ਕਰਕੇ ਆਪਣੀ ਚਿੱਠੀ ਜਾਂ ਈਮੇਲ ਵਿੱਚ ਤੀਰ ਦਾ ਨਿਸ਼ਾਨ ਦੇਖੋ।

Property Ref – ਤੁਹਾਡੀ ਜਾਇਦਾਦ ਦਾ ਪਤਾ
Our Ref – ਤੁਹਾਡਾ ਅਕਾਊਂਟ ਨੰਬਰ

ਆਪਣੇ ਇਲਾਕੇ ਦੇ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਵਿੱਚ ਸ਼ਾਮਲ ਹੋਵੋ, ਜੋ ਪਾਣੀ ਦੀ ਸਮਝਦਾਰੀ ਨਾਲ ਵਰਤੋਂ ਕਰ ਰਹੇ ਹਨ।

WA ਵਿੱਚ ਪਾਣੀ ਇੱਕ ਕੀਮਤੀ ਸਰੋਤ ਹੈ ਅਤੇ ਸਾਡੀ ਪਾਣੀ ਦੀ ਸਪਲਾਈ 'ਤੇ ਦਬਾਅ ਵੱਧ ਰਿਹਾ ਹੈ। ਬਹੁਤ ਖੁਸ਼ਕ ਸਰਦੀਆਂ ਤੋਂ ਬਾਅਦ, ਆਉਣ ਵਾਲੇ ਮਹੀਨਿਆਂ ਵਿੱਚ ਮੌਸਮ ਆਮ ਨਾਲੋਂ ਵੱਧ ਗਰਮ ਅਤੇ ਖੁਸ਼ਕ ਰਹਿਣ ਦੀ ਸੰਭਾਵਨਾ ਹੈ। ਪਾਣੀ ਦੀ ਵਰਤੋਂ ਕਰਨ ਦੇ ਤਰੀਕੇ ਵਿੱਚ ਛੋਟੀਆਂ-ਛੋਟੀਆਂ ਤਬਦੀਲੀਆਂ ਕਰਕੇ, ਅਸੀਂ ਸਾਰੇ ਆਪਣੇ ਕੀਮਤੀ ਜਲ ਸਰੋਤਾਂ ਦੀ ਰੱਖਿਆ ਕਰਨ ਵਿੱਚ ਮਦਦ ਕਰ ਸਕਦੇ ਹਾਂ।

ਇਸਦੀ ਸ਼ੁਰੂਆਤ ਇਹ ਜਾਣਨ ਤੋਂ ਕੀਤੀ ਜਾ ਸਕਦੀ ਹੈ ਕਿ ਤੁਸੀਂ ਕਿੰਨਾ ਪਾਣੀ ਵਰਤਦੇ ਹੋ ਅਤੇ ਤੁਹਾਡੇ ਇਲਾਕੇ ਦੇ ਹੋਰ ਪਰਿਵਾਰਾਂ ਦੇ ਮੁਕਾਬਲੇ ਤੁਹਾਡੀ ਪਾਣੀ ਦੀ ਵਰਤੋਂ ਕਿੰਨੀ ਹੈ।

ਹਾਲ ਹੀ ਦੇ ਗਰਮ ਮਹੀਨਿਆਂ* ਦੌਰਾਨ, ਤੁਹਾਡੇ ਪਰਿਵਾਰ ਨੇ ਹਰ ਰੋਜ਼ XXX ਲੀਟਰ ਪਾਣੀ ਵਰਤਿਆ ਹੈ, ਜੋ ਤੁਹਾਡੇ ਸਥਾਨਕ ਇਲਾਕੇ ਦੇ ਹੋਰ ਪਰਿਵਾਰਾਂ ਦੇ ਮੁਕਾਬਲੇ <ਤੁਹਾਡੀ ਸ਼੍ਰੇਣੀ> ਵਿੱਚ ਆਉਂਦਾ ਹੈ।



ਹਰੇਕ ਪਰਿਵਾਰ ਵੱਖਰਾ ਹੁੰਦਾ ਹੈ, ਅਤੇ ਤੁਹਾਡੇ ਘਰ ਵਿੱਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਜਾਂ ਤੁਹਾਡੀ ਪ੍ਰਾਪਰਟੀ ਦਾ ਆਕਾਰ ਵਰਗੀਆਂ ਗੱਲਾਂ ਇਸ ਗੱਲ 'ਤੇ ਅਸਰ ਪਾ ਸਕਦੀਆਂ ਹਨ ਕਿ ਤੁਹਾਡੇ ਪਾਣੀ ਦੀ ਵਰਤੋਂ ਦੀ ਤੁਲਨਾ ਹੋਰ ਪਰਿਵਾਰਾਂ ਨਾਲ ਕਿਵੇਂ ਹੁੰਦੀ ਹੈ। ਆਪਣੀਆਂ ਘਰੇਲੂ ਸਥਿਤੀਆਂ ਮੁਤਾਬਕ ਵਧੇਰੇ ਢੁੱਕਵੀਂ ਤੁਲਨਾ ਲਈ, watercorporation.com.au/register 'ਤੇ ਆਪਣੀ ਘਰੇਲੂ ਪ੍ਰੋਫ਼ਾਈਲ ਪੂਰੀ ਕਰੋ।

ਚੰਗੀ ਖ਼ਬਰ ਇਹ ਹੈ ਕਿ ਪਾਣੀ ਦੀ ਥੋੜ੍ਹੀ ਜਿਹੀ ਵਰਤੋਂ ਘਟਾਉਣ ਲਈ ਤੁਹਾਨੂੰ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਨਹੀਂ ਹੈ। ਕੁੱਝ ਸਾਧਾਰਨ ਆਦਤਾਂ ਨਾਲ ਵੱਡਾ ਫ਼ਰਕ ਪੈ ਸਕਦਾ ਹੈ, ਖ਼ਾਸ ਕਰਕੇ ਘਰ ਦੇ ਬਾਹਰ, ਜਿੱਥੇ ਇੱਕ ਔਸਤ ਪਰਿਵਾਰ ਦੇ ਪਾਣੀ ਦੀ ਲਗਭਗ 36% ਵਰਤੋਂ ਹੁੰਦੀ ਹੈ।

ਪਾਣੀ ਦੀ ਪੂਰੀ ਸਮਝਦਾਰੀ ਨਾਲ ਵਰਤੋਂ ਕਰੋ

ਆਪਣੇ ਬਗੀਚੇ ਨੂੰ ਸਵੇਰੇ 9 ਵਜੇ ਤੋਂ ਪਹਿਲਾਂ ਜਾਂ ਸ਼ਾਮ 6 ਵਜੇ ਤੋਂ ਬਾਅਦ ਪਾਣੀ ਦਿਓ, ਜਦੋਂ ਸੂਰਜ ਦੀ ਗਰਮੀ ਨਾਲ ਪਾਣੀ ਜਲਦੀ ਸੁੱਕਦਾ ਨਹੀਂ ਹੈ! ਪਾਣੀ ਦੀ ਵਧੇਰੇ ਬੱਚਤ ਕਰਨ ਲਈ, ਆਪਣੇ ਪਾਣੀ ਲਗਾਉਣ ਵਾਲੇ ਕੰਟਰੋਲਰ ਦੀ **ਮੌਸਮ ਅਨੁਸਾਰ ਫੇਰ-ਬਦਲ ਕਰਨ ਵਾਲੀ ਸੈਟਿੰਗ ਵਰਤੋਂ ਜਾਂ ਮੌਸਮ ਦੇ ਬਦਲਣ ਅਤੇ ਪਾਣੀ ਦੇ ਭਾਫ਼ ਬਣਨ ਦੀ ਦਰ ਬਦਲਣ ਦੇ ਨਾਲ-ਨਾਲ ਪਾਣੀ ਦੇਣ ਦਾ ਸਮਾਂ ਘਟਾਉਣ ਲਈ ਇਸ ਵਿੱਚ ਖ਼ੁਦ ਫੇਰ-ਬਦਲ ਕਰੋ**। ਨਵੰਬਰ ਵਿੱਚ, ਬਗੀਚਿਆਂ ਨੂੰ ਆਮ ਤੌਰ 'ਤੇ ਉਨ੍ਹਾਂ ਦੇ ਵੱਧ ਤੋਂ ਵੱਧ ਸਿੰਚਾਈ ਸਮੇਂ ਦੇ 80% ਹਿੱਸੇ ਦੀ ਲੋੜ ਹੁੰਦੀ ਹੈ, ਜੋ ਦਸੰਬਰ ਵਿੱਚ ਵੱਧ ਕੇ 90% ਹੋ ਜਾਂਦਾ ਹੈ।

*ਲਗਭਗ ਨਵੰਬਰ 2025 - ਅਪ੍ਰੈਲ 2026

Metro Waterwise Programs
PO Box 1600
Osborne Park DC WA 6916
T 13 13 85
E watercomparison@watercorporation.com.au

ਸਿਸਟਮਾਂ ਦੀ ਬਾਕਾਇਦਾ ਜਾਂਚ ਕਰੋ

ਬਾਕਾਇਦਾ ਫਟਾਫਟ ਥੋੜ੍ਹੀ ਜਿਹੀ ਜਾਂਚ ਕਰਨ ਨਾਲ, ਤੁਸੀਂ ਆਪਣੇ ਪਾਣੀ ਦੀ ਵਰਤੋਂ 'ਤੇ ਨਜ਼ਰ ਰੱਖ ਸਕਦੇ ਹੋ। ਆਪਣੇ ਸਪ੍ਰਿੰਕਲਰ ਸਿਸਟਮ ਦੀ ਜਾਂਚ ਕਰੋ ਕਿ ਕਿਤੇ ਪਾਣੀ ਲੀਕ ਤਾਂ ਨਹੀਂ ਹੋ ਰਿਹਾ, ਜਾਂ ਗ਼ਲਤ ਦਿਸ਼ਾ ਵਿੱਚ ਤਾਂ ਨਹੀਂ ਜਾ ਰਿਹਾ, **ਅਤੇ ਜਦੋਂ ਮੀਂਹ ਪੈਣ ਦੀ ਭਵਿੱਖਬਾਣੀ ਹੋਵੇ ਤਾਂ ਆਪਣੇ ਸਪ੍ਰਿੰਕਲਰ ਬੰਦ ਕਰਨਾ ਯਕੀਨੀ ਬਣਾਓ।**

ਜੇ ਤੁਸੀਂ ਆਪਣੇ ਸਿੰਚਾਈ ਸਿਸਟਮ ਵਿੱਚ ਲੀਕੇਜ ਦੀ ਮੁਰੰਮਤ ਕਰਨਾ ਚਾਹੁੰਦੇ ਹੋ ਜਾਂ ਇਹ ਸਮਝਣਾ ਚਾਹੁੰਦੇ ਹੋ ਕਿ ਆਪਣੇ ਕੰਟਰੋਲਰ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਵਰਤਣਾ ਹੈ, **ਤਾਂ ਸਾਡਾ ਵਾਟਰਵਾਈਜ਼ ਗਾਰਡਨ ਹੱਬ' ਸਾਧਨਾਂ ਅਤੇ ਸਲਾਹ ਰਾਹੀਂ ਤੁਹਾਡੀ ਮਦਦ ਕਰ ਸਕਦਾ ਹੈ।** **watercorporation.com.au/gardenhub** 'ਤੇ ਜਾਓ।

ਪਾਣੀ ਵਾਲੀ ਪਾਈਪ ਦੀ ਥਾਂ ਹੋਰ ਤਰੀਕੇ ਅਪਣਾਓ

ਆਪਣੇ ਆਪ ਨੂੰ ਪੁੱਛੋ—ਕੀ ਇਸ ਲਈ ਪਾਣੀ ਦੀ ਲੋੜ ਹੈ? ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਸਦਾ ਕੋਈ ਹੋਰ ਤਰੀਕਾ ਲੱਭਣਾ ਕਿੰਨਾ ਸੌਖਾ ਹੈ। ਹੋਜ਼ ਵਰਤਣ ਦੀ ਬਜਾਏ, ਰਸਤਿਆਂ ਅਤੇ ਡਰਾਈਵ-ਵੇਅ ਨੂੰ ਸਾਫ਼ ਕਰਨ ਲਈ ਝਾੜੂ ਵਰਤੋਂ ਅਤੇ ਬਾਹਰੀ ਫ਼ਰਨੀਚਰ ਨੂੰ ਸਾਫ਼ ਕਰਨ ਲਈ ਬਾਲਟੀ ਅਤੇ ਕੱਪੜੇ ਦੀ ਵਰਤੋਂ ਕਰੋ।

ਘਰ ਵਿੱਚ ਘੱਟ ਪਾਣੀ ਵਰਤਣ ਦੇ ਸੌਖੇ ਤਰੀਕਿਆਂ ਲਈ **watercorporation.com.au/waterwiseadvice** 'ਤੇ ਜਾਓ।

ਤੁਹਾਨੂੰ ਪਾਣੀ ਦੀ ਬੱਚਤ ਸੰਬੰਧੀ ਆਪਣੀ ਤਰੱਕੀ ਬਾਰੇ ਕਿਵੇਂ ਪਤਾ ਲੱਗੇਗਾ?

ਅਗਲੇ ਕੁੱਝ (ਗਰਮ) ਮੌਸਮਾਂ ਦੌਰਾਨ, ਅਸੀਂ ਤੁਹਾਡੇ ਨਾਲ ਤੁਹਾਡੇ ਪਾਣੀ ਦੀ ਵਰਤੋਂ, ਇਲਾਕੇ ਦੇ ਹੋਰ ਪਰਿਵਾਰਾਂ ਦੇ ਮੁਕਾਬਲੇ ਤੁਹਾਡੀ ਵਰਤੋਂ, ਅਤੇ ਤੁਹਾਡੇ ਵੱਲੋਂ ਕੀਤੀ ਜਾ ਰਹੀ ਤਰੱਕੀ ਬਾਰੇ ਨਵੀਂ ਜਾਣਕਾਰੀ ਸਾਂਝੀ ਕਰਾਂਗੇ।

ਮਿਲ ਕੇ, ਪਾਣੀ ਦੀ ਵਰਤੋਂ ਕਰਨ ਦੇ ਤਰੀਕੇ ਵਿੱਚ ਛੋਟੀਆਂ-ਛੋਟੀਆਂ ਤਬਦੀਲੀਆਂ ਕਰਕੇ ਅਸੀਂ ਭਵਿੱਖ ਲਈ ਇਸ ਕੀਮਤੀ ਸਰੋਤ ਦੀ ਰੱਖਿਆ ਕਰਨ ਵਿੱਚ ਮਦਦ ਕਰ ਸਕਦੇ ਹਾਂ।

ਆਪ ਜੀ ਦਾ ਵਿਸ਼ਵਾਸਪਾਤਰ,

Damien Postma
ਮੈਨੇਜਰ – Waterwise Programs and Partnerships (ਵਾਟਰਵਾਈਜ਼ ਪ੍ਰੋਗਰਾਮ ਅਤੇ ਭਾਈਵਾਲੀਆਂ)